**CLASS : V** **SUBJECT : PUNJABI**

## ਲਿੰਗ ਬਦਲੋ :

| | | | | | | | | |
|---|---|---|---|---|---|---|---|---|
| ਪੁੱਤਰ | - | ਪੁੱਤਰੀ | ਔਰਤ | - | ਮਰਦ | ਸ਼੍ਰੀਮਾਨ | - | ਸ਼੍ਰੀਮਤੀ |
| ਭਤੀਜਾ | - | ਭਤੀਜੀ | ਸੇਵਾਦਾਰ | - | ਸੇਵਾਦਾਰਨੀ | ਗਾਂ | - | ਬਲਦ |
| ਭਿਖਾਰੀ | - | ਭਿਖਾਰਨ | ਬਾਂਦਰ | - | ਬਾਂਦਰੀ | ਕੁੱਕੜ | - | ਕੁੱਕੜੀ |
| ਫੁੱਫੜ | - | ਭੂਆ | ਜੇਠ | - | ਜੇਠਾਣੀ | ਨਰ | - | ਮਾਦਾ |
| ਪੰਡਤ | - | ਪੰਡਤਾਣੀ | ਨਵਾਬ | - | ਮਲਕਾ | ਮੁੰਡਾ | - | ਕੁੜੀ |

## ਵਚਨ ਬਦਲੋ :

| | | | | | | | | |
|---|---|---|---|---|---|---|---|---|
| ਰੱਸੀ | - | ਰੱਸੀਆਂ | ਪੱਖਾ | - | ਪੱਖੇ | ਅੱਖ | - | ਅੱਖਾਂ |
| ਲੜਕੀ | - | ਲੜਕੀਆਂ | ਬੋਤਲ | - | ਬੋਤਲਾਂ | ਰਜਾਈ | - | ਰਜਾਈਆਂ |
| ਮੰਜਾ | - | ਮੰਜੇ | ਫੁੱਲ | - | ਫੁੱਲਾਂ | ਕਥਾ | - | ਕਥਾਵਾਂ |
| ਚਿੱਠੀ | - | ਚਿੱਠੀਆਂ | ਸੋਹਣਾ | - | ਸੋਹਣੇ | ਕਿਤਾਬ | - | ਕਿਤਾਬਾਂ |
| ਦਰਿਆ | - | ਦਰਿਆਵਾਂ | ਫ਼ਸਲ | - | ਫ਼ਸਲਾਂ | ਪੰਛੀ | - | ਪੰਛੀਆਂ |

## ਵਿਰੋਧੀ ਸ਼ਬਦ :

| | | | | | | | | |
|---|---|---|---|---|---|---|---|---|
| ਸਖ਼ਤ | - | ਨਰਮ | ਕੁਦਰਤੀ | - | ਬਨਾਉਟੀ | ਹੁਸ਼ਿਆਰ | - | ਨਲਾਇਕ |
| ਇਮਾਨਦਾਰ | - | ਬੇਈਮਾਨ | ਸੱਚ | - | ਝੂਠ | ਅਮੀਰ | - | ਗ਼ਰੀਬ |
| ਸਵਰਗ | - | ਨਰਕ | ਹਨੇਰਾ | - | ਚਾਨਣ | ਅੰਦਰ | - | ਬਾਹਰ |
| ਸ਼ਾਂਤੀ | - | ਅਸ਼ਾਂਤੀ | ਨਕਦ | - | ਉਧਾਰ | ਦੂਰ | - | ਨੇੜੇ |
| ਗਰਮ | - | ਠੰਢਾ | ਨੇਕੀ | - | ਬਦੀ | ਗਮੀ | - | ਖ਼ੁਸ਼ੀ |

## ਸਮਾਨਾਰਥਕ ਸ਼ਬਦ :

| | | | | | | | | |
|---|---|---|---|---|---|---|---|---|
| ਵਸਤਰ | - | ਕੱਪੜੇ, ਪਹਿਰਾਵਾ | ਜ਼ਿੰਦਗੀ | - | ਜੀਵਨ, ਜਾਨ | ਇਨਸਾਨ | - | ਮਨੁੱਖ, ਆਦਮੀ |
| ਵਹਿਮ | - | ਭਰਮ, ਭੁਲੇਖਾ | ਗੰਦਾ | - | ਭੈੜਾ, ਖ਼ਰਾਬ | ਇਕਰਾਰ | - | ਕੌਲ, ਵਚਨ |
| ਤਾਕਤ | - | ਬਲ, ਸ਼ਕਤੀ | ਤਰੱਕੀ | - | ਵਿਕਾਸ, ਖ਼ੁਸ਼ਹਾਲੀ | ਵਰਖਾ | - | ਮੀਂਹ, ਬਰਸਾਤ |
| ਸੰਸਾਰ | - | ਦੁਨੀਆ, ਜਗਤ | ਏਕਤਾ | - | ਏਕਾ, ਮਿਲਾਪ | ਉਪਕਾਰ | - | ਭਲਾ, ਨੇਕੀ |

## ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ :

| | | | | | |
|---|---|---|---|---|---|
| ਜਿਹੜਾ ਕੰਮ ਤੋਂ ਜੀਅ ਚੁਰਾਏ | - | ਕੰਮਚੋਰ | ਜੋ ਕਿਸੇ ਦੀ ਕੀਤੀ ਨੇਕੀ ਨਾ ਜਾਣੇ | - | ਅਕ੍ਰਿਤਘਣ |
| ਮਿੱਟੀ ਦੇ ਭਾਂਡੇ ਬਣਾਉਣ ਵਾਲਾ | - | ਘੁਮਿਆਰ | ਜੋ ਬੋਲ ਨਾ ਸਕੇ | - | ਗੂੰਗਾ |
| ਜੋ ਪੈਸੇ ਲੈ ਕੇ ਘਰ ਦੇ ਸਾਰੇ ਕੰਮ ਕਰੇ | - | ਨੌਕਰ | ਜੋ ਬਹੁਤ ਪੂਜਾ-ਪਾਠ ਕਰਦਾ ਹੋਵੇ | - | ਭਗਤ |

| | | | | | |
|---|---|---|---|---|---|
| ਸਾਰਿਆਂ ਨਾਲ ਬੀਤੀ ਘਟਨਾ | - | ਜੱਗ-ਬੀਤੀ | ਸੱਪ ਦਾ ਬੱਚਾ | - | ਸਪੋਲੀਆ |
| ਜਿਸ ਔਰਤ ਦਾ ਪਤੀ ਜਿਉਂਦਾ ਹੋਵੇ | - | ਸੁਹਾਗਣ | ਪੰਜਾਬ ਦਾ ਰਹਿਣ ਵਾਲਾ | - | ਪੰਜਾਬੀ |

## ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਉ:

1. ਅਸਮਾਨ ਨਾਲ ਗੱਲਾਂ ਕਰਨਾ - ਬਹੁਤ ਉੱਚੇ ਜਾਣਾ
   ਮੇਲੇ ਵਿੱਚ ਪੰਘੂੜੇ ਅਸਮਾਨ ਨਾਲ ਗੱਲਾਂ ਕਰ ਰਹੇ ਹਨ।

2. ਇੱਕ ਅੱਖ ਨਾਲ ਵੇਖਣਾ - ਬਰਾਬਰ ਸਮਝਣਾ
   ਮਾਂ ਬੱਚਿਆਂ ਨੂੰ ਇੱਕ ਅੱਖ ਨਾਲ ਵੇਖਦੀ ਹੈ।

3. ਇੱਕ ਮੁੱਠ ਹੋਣਾ - ਏਕਾ ਹੋਣਾ
   ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣ ਲਈ ਸਾਰੇ ਦੇਸ਼ਵਾਸੀ ਇੱਕ ਮੁੱਠ ਹੋ ਗਏ ਸਨ।

4. ਇੱਟ ਕੁੱਤੇ ਦਾ ਵੈਰ - ਬਹੁਤ ਜ਼ਿਆਦਾ ਦੁਸ਼ਮਣੀ
   ਸੱਪ ਤੇ ਨੇਵਲੇ ਵਿੱਚ ਇੱਟ ਕੁੱਤੇ ਦਾ ਵੈਰ ਹੁੰਦਾ ਹੈ।

5. ਈਨ ਮੰਨਣਾ - ਹਾਰ ਮੰਨਣਾ
   ਭਾਰਤੀ ਫ਼ੌਜਾਂ ਨੇ ਦੁਸ਼ਮਣ ਫ਼ੌਜਾਂ ਤੋਂ ਈਨ ਮੰਨਵਾਈ।

6. ਸਾਹ ਸੁੱਕਣਾ - ਡਰ ਜਾਣਾ
   ਸੱਪ ਨੂੰ ਦੇਖ ਕੇ ਮੇਰੇ ਸਾਹ ਸੁੱਕ ਗਏ।

7. ਸ਼ਰਮ ਨਾਲ ਪਾਣੀ – ਪਾਣੀ ਹੋਣਾ - ਬਹੁਤ ਸ਼ਰਮਿੰਦਾ ਹੋਣਾ
   ਚੋਰੀ ਕਰਦੇ ਫੜੇ ਜਾਣ ਤੇ ਅਨੀਤਾ ਸ਼ਰਮ ਨਾਲ ਪਾਣੀ – ਪਾਣੀ ਹੋ ਗਈ।

8. ਸਰ ਕਰਨਾ - ਜਿੱਤਣਾ
   ਬੰਦਾ ਸਿੰਘ ਬਹਾਦਰ ਨੇ ਸਰਹਿੰਦ ਨੂੰ ਸਰ ਕੀਤਾ।

9. ਸਿਰ ਤਲੀ 'ਤੇ ਧਰਨਾ - ਜਾਨ ਨੂੰ ਖ਼ਤਰੇ ਵਿੱਚ ਪਾਉਣਾ
   ਨੌਜਵਾਨ ਨੇ ਸਿਰ ਤਲੀ 'ਤੇ ਧਰ ਕੇ ਬੱਚੇ ਦੀ ਜਾਨ ਬਚਾਈ।

10. ਸਿਰ ਮਾਰਨਾ - ਨਾਂਹ ਕਰ ਦੇਣੀ
    ਰਮਨ ਨੇ ਆਪਣੀ ਸਹੇਲੀ ਤੋਂ ਪੈੱਨ ਮੰਗਿਆ ਤਾਂ ਉਸ ਨੇ ਸਿਰ ਮਾਰ ਦਿੱਤਾ।

## ਨਾਂਵ

**ਪਰਿਭਾਸ਼ਾ** : ਜਿਹਨਾਂ ਸ਼ਬਦਾਂ ਤੋਂ ਕਿਸੇ ਵਿਅਕਤੀ, ਵਸਤੂ, ਸਥਾਨ, ਜੀਵ ਅਤੇ ਭਾਵਾਂ ਦੇ ਬਾਰੇ ਜਾਣਕਾਰੀ ਮਿਲੇ ਉਸ ਨੂੰ ਨਾਂਵ ਕਹਿੰਦੇ ਹਨ। ਜਿਵੇਂ : ਸ. ਭਗਤ ਸਿੰਘ, ਚਿੜੀ, ਭਾਰਤ, ਬਚਪਨ ਆਦਿ।

**ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :**

1. **ਆਮ ਨਾਂਵ** : ਜੋ ਸ਼ਬਦ ਕਿਸੇ ਇੱਕ ਹੀ ਜਾਤੀ ਜਾਂ ਸ਼੍ਰੇਣੀ ਲਈ ਵਰਤੇ ਜਾਣ, ਉਹ ਆਮ ਨਾਂਵ ਹੁੰਦੇ ਹਨ। ਜਿਵੇਂ - ਮੁੰਡਾ, ਬੂਟਾ, ਹਾਥੀ ਆਦਿ।
2. **ਖਾਸ ਨਾਂਵ** : ਜੋ ਸ਼ਬਦ ਕਿਸੇ ਖਾਸ ਵਿਅਕਤੀ, ਵਸਤੂ ਅਤੇ ਸਥਾਨ ਦੇ ਨਾਂ ਲਈ ਵਰਤੇ ਜਾਣ ਉਹ ਖਾਸ ਨਾਂਵ ਹੁੰਦੇ ਹਨ। ਜਿਵੇਂ – ਮਦਰ ਟੈਰੇਸਾ, ਸਤਲੁਜ, ਦਿੱਲੀ ਆਦਿ।
3. **ਇਕੱਠਵਾਚਕ ਨਾਂਵ** : ਜੋ ਸ਼ਬਦ ਵਸਤੂਆਂ ਅਤੇ ਜੀਵਾਂ ਦੇ ਸਮੂਹ ਲਈ ਜਾਂ ਇਕੱਠ ਲਈ ਵਰਤੇ ਜਾਣ ਉਹ ਇਕੱਠਵਾਚਕ ਨਾਂਵ ਹੁੰਦੇ ਹਨ। ਜਿਵੇਂ – ਜਮਾਤ, ਸਭਾ, ਫ਼ੌਜ ਆਦਿ।
4. **ਵਸਤੂਵਾਚਕ ਨਾਂਵ** : ਜੋ ਸ਼ਬਦ ਤੋਲੀਆਂ ਜਾਂ ਮਿਣੀਆਂ ਜਾਣ ਵਾਲੀਆਂ ਵਸਤੂਆਂ ਲਈ ਵਰਤੇ ਜਾਣ ਉਹ ਵਸਤੂਵਾਚਕ ਨਾਂਵ ਹੁੰਦੇ ਹਨ। ਜਿਵੇਂ – ਦੁੱਧ, ਚੌਲ, ਤੇਲ ਆਦਿ।
5. **ਭਾਵਵਾਚਕ ਨਾਂਵ** : ਜੋ ਸ਼ਬਦ ਮਹਿਸੂਸ ਕੀਤੇ ਜਾਣ ਵਾਲੇ ਭਾਵਾਂ ਨੂੰ ਪ੍ਰਗਟ ਕਰਦੇ ਹਨ ਉਹ ਭਾਵਵਾਚਕ ਨਾਂਵ ਹੁੰਦੇ ਹਨ। ਜਿਵੇਂ – ਸਰਦੀ, ਬਚਪਨ, ਬੁਢਾਪਾ ਆਦਿ।

# ਨਾਂਵ (Activity)

1. **ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਉ:**
   1. ਨਾਂਵ ਤੋਂ ਕੀ ਭਾਵ ਹੈ?
      ੳ) ਨਾਂ ਅ) ਸ਼ਬਦ ੲ) ਵਾਕ ਸ) ਅਰਥ
   2. ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?
      ੳ) ਛੇ ਅ) ਪੰਜ ੲ) ਚਾਰ ਸ) ਤਿੰਨ
   3. ਹੇਠ ਦਿੱਤਿਆਂ ਵਿੱਚੋਂ ਭਾਵਵਾਚਕ ਨਾਂਵ ਚੁਣੋ :
      ੳ) ਬਹਾਦਰ ਅ) ਬਹਾਦਰੀ ੲ) ਸਕੂਲ ਸ) ਸਭਾ
   4. ਇਕੱਠਵਾਚਕ ਨਾਂਵ ਵਿੱਚ ਕਿਸ ਬਾਰੇ ਜਾਣਕਾਰੀ ਮਿਲਦੀ ਹੈ?
      ੳ) ਸਮੂਹ ਅ) ਭਾਵ ੲ) ਵਸਤੂ ਸ) ਕੱਪੜਾ

2. **ਦੱਸੇ ਅਨੁਸਾਰ ਕਰੋ :**
   1. ਖਾਸ ਨਾਂਵ ਤੇ ਗੋਲਾ ਲਗਾਉ :
      ੳ) ਰੋਟੀ ਅ) ਅਮਰਦੀਪ ੲ) ਘੁਮਿਆਰ ਸ) ਸੜਕ
   2. ਇਕੱਠਵਾਚਕ ਨਾਂਵ ਤੇ ਗੋਲਾ ਲਗਾਉ :
      ੳ) ਮੱਛੀ ਅ) ਮੱਝ ੲ) ਸਭਾ ਸ) ਕਾਰ
   3. ਭਾਵਵਾਚਕ ਨਾਂਵ ਤੇ ਗੋਲਾ ਲਗਾਉ :
      ੳ) ਰੁੱਖ ਅ) ਜਵਾਨੀ ੲ) ਅਧਿਆਪਕ ਸ) ਮਠਿਆਈ
   4. ਵਸਤੂਵਾਚਕ ਨਾਂਵ ਤੇ ਗੋਲਾ ਲਗਾਉ :
      ੳ) ਪੱਥਰ ਅ) ਚਾਂਦੀ ੲ) ਫੁੱਲ ਸ) ਦਰਿਆ
   5. ਆਮ ਨਾਂਵ ਤੇ ਗੋਲਾ ਲਗਾਉ :
      ੳ) ਦਿੱਲੀ ਅ) ਪਲੇਟਾਂ ੲ) ਬਰਨਾਲਾ ਸ) ਕਰਤਾਰ ਸਿੰਘ ਸਰਾਭਾ

3. **ਹੇਠਾਂ ਕੁਝ ਨਾਂਵ ਰਲ-ਮਿਲ ਗਏ ਹਨ, ਉਨ੍ਹਾਂ ਨੂੰ ਚੁਣ ਕੇ ਸਹੀ ਕਾਲਮ ਵਿੱਚ ਲਿਖੋ :**

| | | | | | | | | | |
|---|---|---|---|---|---|---|---|---|---|
| ਸੋਨਾ | ਅੱਖ | ਬੱਕਰੀ | ਹੀਰੇ | ਭਗਤ ਸਿੰਘ | ਭਾਰਤ | ਚਾਹ | ਨਦੀ | ਜਮਨਾ | ਗੁਰਨਾਮ ਸਿੰਘ |
| ਮੋਗਾ | ਨਲਕਾ | ਬੱਚੇ | ਫ਼ੌਜ | ਅਮੀਰੀ | ਮੈਦਾਨ | ਸੋਨਲ | ਬੁਢਾਪਾ | | |

| ਆਮ ਨਾਂਵ | ਖਾਸ ਨਾਂਵ | ਇਕੱਠਵਾਚਕ ਨਾਂਵ | ਵਸਤੂਵਾਚਕ ਨਾਂਵ | ਭਾਵਵਾਚਕ ਨਾਂਵ |
|---|---|---|---|---|
| | | | | |
| | | | | |
| | | | | |
| | | | | |
| | | | | |

4. **ਖ਼ਾਲੀ ਥਾਵਾਂ ਭਰੋ :**
   1. ਨਾਂਵ ---------------------- ਪ੍ਰਕਾਰ ਦੇ ਹੁੰਦੇ ਹਨ।
   2. ----------------- ਵਸਤੂਆਂ - ਵਿਅਕਤੀਆਂ ਦੇ ਨਾਂ ਦੱਸਣ ਵਾਲੇ ਸ਼ਬਦ ਖ਼ਾਸ ਨਾਂਵ ਅਖਵਾਉਂਦੇ ਹਨ।
   3. ਵਸਤੂਆਂ ਅਤੇ ਜੀਵਾਂ ਦੇ ਸਮੂਹ ਨੂੰ -------------------- ਨਾਂਵ ਆਖਦੇ ਹਨ।

4. ਕੇਵਲ ਮਹਿਸੂਸ ਕੀਤੀਆਂ ਜਾ ਸਕਣ ਵਾਲੀਆਂ ਚੀਜ਼ਾਂ ਦੇ ਨਾਵਾਂ ਨੂੰ ਪ੍ਰਗਟ ਕਰਨ ਵਾਲੇ ਨਾਂਵ -----------------
ਨਾਂਵ ਹੁੰਦੇ ਹਨ।

5. ______________________ ਨਾਂਵ ਸਮੁੱਚੀ ਜਾਤੀ ਦੇ ਨਾਂ ਬਾਰੇ ਦੱਸਦੇ ਹਨ।

## ਵਿਸ਼ੇਸ਼ਣ

**ਪਰਿਭਾਸ਼ਾ** : ਜਿਹੜੇ ਸ਼ਬਦ ਨਾਂਵ ਅਤੇ ਪੜਨਾਂਵ ਦੇ ਗੁਣ-ਔਗੁਣ, ਗਿਣਤੀ-ਮਿਣਤੀ ਦੱਸ ਕੇ ਉਹਨਾਂ ਨੂੰ ਆਮ ਤੋਂ ਖਾਸ ਬਣਾਉਣ, ਉਹਨਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ। ਜਿਵੇਂ ਕਾਲਾ ਘੋੜਾ, ਸੁੰਦਰ ਕੁੜੀ। ਇਹਨਾਂ ਵਿੱਚ ਕਾਲਾ ਤੇ ਸੁੰਦਰ ਵਿਸ਼ੇਸ਼ਣ ਹਨ।
**ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ :**

1. **ਗੁਣਵਾਚਕ ਵਿਸ਼ੇਸ਼ਣ** – ਜਿਹੜੇ ਸ਼ਬਦ ਨਾਂਵ-ਪੜਨਾਂਵ ਦੇ ਗੁਣ-ਔਗੁਣ ਦੱਸ ਕੇ ਉਹਨਾਂ ਨੂੰ ਆਮ ਤੋਂ ਖਾਸ ਬਣਾਉਂਦੇ ਹਨ ਉਹਨਾਂ ਨੂੰ ਗੁਣ ਵਾਚਕ ਵਿਸ਼ੇਸ਼ਣ ਆਖਦੇ ਹਨ।ਜਿਵੇਂ ਵੱਡਾ,ਸੁੰਦਰ, ਆਲਸੀ।
2. **ਸੰਖਿਆ ਜਾਂ ਗਿਣਤੀਵਾਚਕ ਵਿਸ਼ੇਸ਼ਣ**- ਜਿਹੜੇ ਸ਼ਬਦਾਂ ਤੋਂ ਨਾਂਵ ਜਾਂ ਪੜਨਾਂਵ ਦੀ ਸੰਖਿਆ ਜਾਂ ਗਿਣਤੀ ਬਾਰੇ ਪਤਾ ਚੱਲੇ।ਉਸਨੂੰ ਸੰਖਿਆਵਾਚਕ ਵਿਸ਼ੇਸ਼ਣ ਆਖਦੇ ਹਨ। ਜਿਵੇਂ-ਪੰਜ, ਇੱਕ, ਦੋ
3. **ਪਰਿਮਾਣ ਜਾਂ ਮਿਣਤੀਵਾਚਕ ਵਿਸ਼ੇਸ਼ਣ** – ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਸ਼ਬਦਾਂ ਦੀ ਮਿਣਤੀ ਜਾਂ ਤੋਲ ਦੱਸਣ, ਉਹਨਾਂ ਨੂੰ ਪਰਿਮਾਣ ਵਾਚਕ ਆਖਦੇ ਹਨ। ਜਿਵੇਂ – ਪੰਜ ਮੀਟਰ, ਦੋ ਕਿਲੋ, ਬਹੁਤ
4. **ਨਿਸ਼ਚੇਵਾਚਕ ਵਿਸ਼ੇਸ਼ਣ** – ਜੋ ਸ਼ਬਦ ਕਿਸੇ ਸਾਹਮਣੇ ਪਈ ਚੀਜ਼ ਵੱਲ ਇਸ਼ਾਰਾ ਕਰਕੇ ਉਹਨਾਂ ਨੂੰ ਆਮ ਤੋਂ ਖਾਸ ਬਣਾਉਣ ਉਹਨਾਂ ਨੂੰ ਨਿਸ਼ਚੇਵਾਚਕ ਵਿਸ਼ੇਸ਼ਣ ਆਖਦੇ ਹਨ। ਜਿਵੇਂ-ਇਹ, ਉਹ, ਇਸ
5. **ਪੜਨਾਵੀਂ ਵਿਸ਼ੇਸ਼ਣ** – ਜਿਹੜੇ ਸ਼ਬਦ ਪੜਨਾਂਵ ਵੀ ਹੋਣ ਤੇ ਨਾਂਵ ਨਾਲ ਆ ਕੇ ਵਿਸ਼ੇਸ਼ਣ ਦਾ ਕੰਮ ਵੀ ਕਰਨ, ਉਹਨਾਂ ਨੂੰ ਪੜਨਾਂਵੀ ਵਿਸ਼ੇਸ਼ਣ ਆਖਦੇ ਹਨ। ਜਿਵੇਂ- ਉਸਦੇ, ਕਿਹੜੇ, ਜਿਹੜੀ।

## (Activities)

1. ਠੀਕ ਉੱਤਰ ਅੱਗੇ ✓ ਲਗਾਉ :

1. ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
ੳ) ਦੋ  ਅ) ਪੰਜ  ੲ) ਛੇ  ਸ) ਤਿੰਨ

2. ਵਿਸ਼ੇਸ਼ਣ ਕਿਨ੍ਹਾਂ ਨੂੰ ਵਿਸ਼ੇਸ਼ ਬਣਾਉਂਦੇ ਹਨ?
ੳ) ਕਿਰਿਆ ਨੂੰ  ਅ) ਨਾਂਵ, ਪੜਨਾਂਵ ਨੂੰ  ੲ) ਸੰਬੰਧਕਾਂ ਨੂੰ  ਸ) ਸ਼ਬਦਾਂ ਨੂੰ

3. 'ਹੁਸ਼ਿਆਰ, ਨਲਾਇਕ' ਕਿਹੜੇ ਵਿਸ਼ੇਸ਼ਣ ਹਨ?
ੳ) ਪੜਨਾਵੀਂ  ਅ) ਸੰਖਿਆਵਾਚਕ  ੲ) ਗੁਣਵਾਵਕ  ਸ) ਨਿਸ਼ਚੇਵਾਚਕ

4. 'ਔਹ, ਆਹ' ਕਿਹੜੇ ਵਿਸ਼ੇਸ਼ਣ ਹਨ?
ੳ) ਪਰਿਮਾਣਵਾਚਕ  ਅ) ਨਿਸ਼ਚੇਵਾਚਕ  ੲ) ਪੜਨਾਵੀਂ  ਸ) ਗੁਣਵਾਚਕ

5. 'ਦੋ ਕਿਲੋ, ਇੱਕ ਮੀਟਰ' ਕਿਹੜੇ ਵਿਸ਼ੇਸ਼ਣ ਹਨ?
ੳ) ਪਰਿਮਾਣਵਾਚਕ  ਅ) ਸੰਖਿਆਵਾਚਕ  ੲ) ਪੜਨਾਵੀਂ  ਸ) ਨਿਸ਼ਚੇਵਾਚਕ

2. ਹੇਠਾਂ ਦਿੱਤੇ ਵਿਸ਼ੇਸ਼ਣ ਸ਼ਬਦਾਂ ਦੇ ਸਾਹਮਣੇ ਉਨ੍ਹਾਂ ਦੀ ਕਿਸਮ ਲਿਖੋ :

| | **ਵਿਸ਼ੇਸ਼ਣ ਸ਼ਬਦ** | **ਕਿਸਮ** |
|---|---|---|
| ੳ) | ਆਹ, ਔਹ, ਉਹ | ______________ |
| ਅ) | ਪੰਜ, ਪਹਿਲਾ, ਦੂਜਾ | ______________ |
| ੲ) | ਕਾਲਾ, ਗੋਰਾ, ਲੰਮੀ | ______________ |
| ਸ) | ਤਿੰਨ ਮੀਟਰ, ਅੱਧਾ ਗ੍ਰਾਮ, ਦੋ ਲੀਟਰ | ______________ |
| ਹ) | ਸਾਡਾ, ਉਸ, ਮੇਰੀ | ______________ |

3. ਵਿਸ਼ੇਸ਼ਣ ਸ਼ਬਦਾਂ ਤੇ ਗੋਲਾ ਲਗਾਉ :

| | | | | | | |
|---|---|---|---|---|---|---|
| ਚੰਗਾ | ਲੱਤ | ਮੇਜ਼ | ਭਰਾ | ਸਕੂਟਰ | ਹੌਲੀ | ਸੀਤਾ |
| ਲਾਲ | ਕਾਰ | ਮੋਟਾ | ਨੀਵਾਂ | ਲਾਲਚੀ | ਕੁਰਸੀ | ਡਰਪੋਕ |

4. ਹੇਠਾਂ ਦਿੱਤੇ ਗਏ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਨੂੰ ਲਕੀਰ ਕੇ ਉਸ ਦੀ ਕਿਸਮ ਲਿਖੋ :

1. ਠੰਢਾ ਪਾਣੀ ਢੱਕ ਦਿਓ। ______________
2. ਹਰਾ ਗੁਬਾਰਾ ਮੇਰਾ ਹੈ। ______________
3. ਬੱਚੇ ਛੇਵਾਂ ਪਾਠ ਪੜ੍ਹ ਰਹੇ ਹਨ। ______________
4. ਦੋ ਕਿਲੋ ਖੰਡ ਮੰਗਵਾ ਲਵੋ। ______________
5. ਉਹ ਮੋਟਾ ਤਾਜਾ ਲੜਕਾ ਹੈ। ______________
6. ਅਧਿਆਪਕ ਨੇ ਤੀਜੀ ਕਹਾਣੀ ਸੁਣਾਈ। ______________
7. ਜਿਹੜਾ ਪੈੱਨ ਤੁਹਾਡੇ ਕੋਲ ਹੈ, ਉਹ ਮੇਰਾ ਹੈ। ______________
8. ਇਹ ਬੱਚੀ ਮੇਰੀ ਭਤੀਜੀ ਹੈ। ______________
9. ਜੱਗ ਵਿੱਚ ਥੋੜ੍ਹਾ ਦੁੱਧ ਪਿਆ ਹੈ। ______________
10. ਮਹਿੰਦਰ ਕੋਲ ਪੰਜ ਪੈੱਨਸਿਲਾਂ ਹਨ। ______________
11. ਉਹ ਪਾਲਤੂ ਬੱਕਰੀ ਹੈ। ______________
12. ਲਾਲ ਕਮੀਜ਼ ਦੇ ਦਿਓ। ______________
13. ਨੌਕਰ ਨੇ ਮੁੱਠੀ ਭਰ ਦਾਲ ਬਣਾਈ। ______________

## ਪਾਠ - 2 : ਜੇਬ ਖ਼ਰਚ

### ਨਵੇਂ ਸ਼ਬਦ :

| | | | | |
|---|---|---|---|---|
| 1. ਰਿਕਸ਼ਾ | 2. ਗ਼ੁਬਾਰੇ | 3. ਪੈਨਸਿਲਾਂ | 4. ਪ੍ਰਾਰਥਨਾ | 5. ਹਮਦਰਦੀ |
| 6. ਸਹੇਲੀਆਂ | 7. ਮਜ਼ਾਕ | 8. ਖਿਡੌਣੇ | 9. ਪੜ੍ਹਾਉਣਾ | 10. ਇਮਾਰਤ |
| 11. ਦਿਹਾੜੀ | 12. ਸਹਿਜ ਸੁਭਾਅ | 13. ਮਕਸਦ | 14. ਜ਼ਰੂਰਤਮੰਦ | 15. ਗਲਵੱਕੜੀ |

### ਸ਼ਬਦ - ਅਰਥ

1. ਪਸੀਨਾ ਵਹਾਉਣਾ = ਮਿਹਨਤ ਕਰਨੀ  2. ਡੌਰ-ਭੌਰ ਹੋ ਜਾਣਾ = ਘਬਰਾ ਜਾਣਾ  3. ਆਨਾਕਾਨੀ ਕਰਨਾ = ਨਾਂਹ- ਨੁੱਕਰ ਕਰਨਾ
4. ਅਹੁੜੀ = ਸੁੱਝੀ  5. ਅਪੰਗ = ਅਪਾਹਜ

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ ।

### ੲ) ਪ੍ਰਸ਼ਨ - ਉੱਤਰ :

**ਪ੍ਰ1. ਉਹ ਬੱਚਾ ਕੀ-ਕੀ ਵੇਚ ਰਿਹਾ ਸੀ?**
ਉ. ਉਹ ਬੱਚਾ ਗ਼ੁਬਾਰੇ, ਪੈਨਸਿਲਾਂ, ਰਬੜਾਂ, ਕੁਝ ਕਾਪੀਆਂ ਤੇ ਨਿੱਕੇ-ਨਿੱਕੇ ਖਿਡੌਣੇ ਵੇਚ ਰਿਹਾ ਸੀ।

**ਪ੍ਰ2. ਉਸ ਬੱਚੇ ਪ੍ਰਤੀ ਸਮਨੀਤ ਦੇ ਦਿਲ ਵਿੱਚ ਕੀ ਪੈਦਾ ਹੋ ਗਿਆ?**
ਉ. ਉਸ ਬੱਚੇ ਪ੍ਰਤੀ ਸਮਨੀਤ ਦੇ ਦਿਲ ਵਿੱਚ ਹਮਦਰਦੀ ਪੈਦਾ ਹੋ ਗਈ।

ਪ੍ਰ3. ਉਸ ਬੱਚੇ ਦੇ ਪਰਿਵਾਰ ਵਿੱਚ ਹੋਰ ਕੌਣ-ਕੌਣ ਸਨ?
ਉ. ਉਸ ਬੱਚੇ ਦੇ ਪਰਿਵਾਰ ਵਿੱਚ ਉਸ ਦੇ ਪਿਤਾ ਤੇ ਚਾਰ ਭੈਣਾਂ ਸਨ।

ਪ੍ਰ4. ਸਮਨੀਤ ਨੇ ਪਾਪਾ ਕੋਲੋਂ ਕੀ ਕਹਿ ਕੇ ਦੋ ਸੌ ਰੁਪਏ ਲਏ ਸਨ?
ਉ. ਸਮਨੀਤ ਨੇ ਇਹ ਕਹਿ ਕੇ ਰੁਪਏ ਮੰਗੇ ਕਿ ਸਰ ਨੇ ਸਕੂਲ ਦੀ ਇਮਾਰਤ ਲਈ ਦੋ ਸੌ ਰੁਪਏ ਮੰਗਵਾਏ ਹਨ।

## ਸ) ਪ੍ਰਸ਼ਨ- ਉੱਤਰ

ਪ੍ਰ1. ਸਮਨੀਤ ਨੇ ਸਕੂਲ ਦੇ ਗੇਟ 'ਤੇ ਜਾ ਕੇ ਕੀ ਵੇਖਿਆ ?
ਉ. ਸਮਨੀਤ ਨੇ ਸਕੂਲ ਦੇ ਗੇਟ 'ਤੇ ਇੱਕ ਛੋਟਾ ਜਿਹਾ ਮੁੰਡਾ ਵੇਖਿਆ ਜਿਸ ਦੇ ਇੱਕ ਬਾਂਹ ਨਹੀਂ ਸੀ । ਉਹ ਮੁੰਡਾ ਸਮਾਨ ਵੇਚ ਰਿਹਾ ਸੀ।

ਪ੍ਰ2. ਉਸ ਮੁੰਡੇ ਦਾ ਕੀ ਨਾਂ ਸੀ? ਉਸ ਦੇ ਪਰਿਵਾਰ ਬਾਰੇ ਲਿਖੋ।
ਉ. ਉਸ ਮੁੰਡੇ ਦਾ ਨਾਂ ਬੱਬੂ ਸੀ। ਉਸ ਦੀ ਮਾਂ ਮਰ ਚੁੱਕੀ ਸੀ । ਉਸ ਦੇ ਪਿਤਾ ਖਿਡੌਣੇ ਵੇਚਦੇ ਸਨ ਤੇ ਉਸ ਦੀਆਂ ਚਾਰ ਭੈਣਾਂ ਸਨ।

ਪ੍ਰ3. ਸਮਨੀਤ ਦਾ ਝੂਠ ਕਿਵੇਂ ਫੜਿਆ ਗਿਆ?
ਉ. ਸਮਨੀਤ ਦੀ ਮੰਮੀ ਨੇ ਜਦੋਂ ਉਸ ਦੀ ਸਹੇਲੀ ਸ਼ਾਲੂ ਦੇ ਅੱਗੇ ਸਕੂਲ ਤੋਂ ਪੈਸੇ ਮੰਗਵਾਉਣ ਦੀ ਗੱਲ-ਬਾਤ ਕੀਤੀ ਤਾਂ ਉਸ ਦਾ ਝੂਠ ਫੜਿਆ ਗਿਆ।

ਪ੍ਰ4. ਸਮਨੀਤ ਦੇ ਪਾਪਾ ਨੇ ਉਸ ਦੀ ਸਿਫ਼ਤ ਕਰਦਿਆ ਕੀ ਕਿਹਾ?
ਉ. ਪਾਪਾ ਨੇ ਕਿਹਾ ਕਿ ਤੂੰ ਨੇਕ ਤੇ ਹਮਦਰਦੀ ਵਾਲਾ ਕੰਮ ਕੀਤਾ ਹੈ।

## ਪੁਸਤਕ ਅਭਿਆਸ :

ੳ) ਬਹੁ-ਵਿਕਲਪੀ ਪ੍ਰਸ਼ਨ : 1) ਰਿਕਸ਼ਾ ਚਲਾਉਂਦੇ ਸਨ 2) ਅਪਾਹਜ 3) ਠਹਾਕਾ ਮਾਰ ਕੇ ਹੱਸੀਆਂ 4) ਮੁੰਡੇ ਦੀਆਂ ਬੂਟ - ਜੁਰਾਬਾਂ ਲਈ 5) ਜ਼ਰੂਰਤਮੰਦ ਦੀ

ਹ) ਖ਼ਾਲੀ ਥਾਵਾਂ ਭਰੋ : 1. ਸੱਤਵੀਂ 2. ਬੂਟ-ਜੁਰਾਬਾਂ 3. ਠਹਾਕਾ 4. ਮਜ਼ਾਕ 5. ਜੇਬ-ਖ਼ਰਚ

ਵਾਕ ਬਣਾਉ : ਆਪਣੇ-ਆਪ ਕਰੋ।

## ਵਿਆਕਰਨ:

ੳ) ਠੀਕ ਉੱਤਰ 'ਤੇ (✓) ਨਿਸ਼ਾਨ ਲਗਾਉ : 1) ਬੋਲੀ-ਭਾਸ਼ਾ ਦਾ 2) ਦੋ 3) ਲਿਖਤੀ ਭਾਸ਼ਾ 4) ਬਾਈ 5) ਤਿੰਨ

ਅ) ਦਿੱਤੇ ਗਏ ਵਾਕਾਂ ਦੇ ਲਿੰਗ ਬਦਲੀ ਕਰੋ: 1) ਸ਼ੇਰਨੀ ਹਿਰਨੀ ਨੂੰ ਖਾ ਗਈ। 2) ਪੰਡਤਾਣੀ ਪਾਠ ਕਰ ਰਹੀ ਸੀ । 3) ਉਸ ਦੀ ਭੂਆ ਅਧਿਆਪਕਾ ਹੈ। 4) ਰਾਣੀ ਨੇ ਨੌਕਰਾਣੀ ਨੂੰ ਹੁਕਮ ਦਿੱਤਾ 5) ਉਸ ਦੀ ਸਾਲ਼ੇਹਾਰ ਡਾਕਟਰਾਣੀ ਹੈ।

ਤੁਹਾਡੀ ਕਲਮ ਤੋਂ : ਆਪ ਕਰੋ।

# ਪਾਠ - 3 : ਕੋਮਲ ਹਿਰਦੇ ਵਾਲ਼ੇ

## ਨਵੇਂ ਸ਼ਬਦ :

| | | | | |
|---|---|---|---|---|
| 1. ਸਿੱਖਿਆਦਾਇਕ | 2. ਸਾਹਿਬਜ਼ਾਦੇ | 3. ਕੀਰਤਪੁਰ | 4. ਵਿਆਕੁਲ | 5. ਹਿਰਦੇ |
| 6. ਜ਼ਿੰਮੇਵਾਰੀ | 7. ਖ਼ੁਰਾਕ | 8. ਦਇਆ | 9. ਦਵਾਖ਼ਾਨਾ | 10. ਦਵਾਈਆਂ |
| 11. ਸਹਾਇਤਾ | 12. ਜਾਨਵਰਾਂ | 13. ਹਸਪਤਾਲ | 14. ਹਮਦਰਦੀ | 15. ਬਗ਼ੀਚੇ |

**ਸ਼ਬਦ – ਅਰਥ**

1. ਸਾਖੀਆਂ = ਕਹਾਣੀਆਂ 2. ਧਰਵਾਸ = ਹੌਸਲਾ 3. ਚੋਗ਼ਾ = ਪਹਿਰਾਵਾ
4. ਨਿਆਸਰੇ = ਜਿੰਨ੍ਹਾਂ ਦਾ ਕੋਈ ਸਹਾਰਾ ਨਾ ਹੋਵੇ 5. ਕਠੋਰ ਚਿੱਤ = ਸਖ਼ਤ ਦਿਲ ਵਾਲੇ

**ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।**

## ੲ) ਪ੍ਰਸ਼ਨ – ਉੱਤਰ :

**ਪ੍ਰ1. ਸਿੱਖ ਗੁਰੂਆਂ ਬਾਰੇ ਕੀ-ਕੀ ਪੜ੍ਹਨ – ਸੁਣਨ ਨੂੰ ਮਿਲਦਾ ਹੈ?**
ੳ. ਸਿੱਖ ਗੁਰੂਆਂ ਬਾਰੇ ਅਨੇਕ ਸਿੱਖਿਆਦਾਇਕ ਸਾਖੀਆਂ ਪੜ੍ਹਨ – ਸੁਣਨ ਨੂੰ ਮਿਲਦੀਆਂ ਹਨ।

**ਪ੍ਰ2. ਗੁਰੂ ਜੀ ਦੇ ਚੋਗ਼ੇ ਨਾਲ ਛੋਹ ਕੇ ਕੀ ਡਿੱਗ ਪਿਆ?**
ੳ. ਗੁਰੂ ਜੀ ਦੇ ਚੋਗ਼ੇ ਨਾਲ ਛੋਹ ਕੇ ਫੁੱਲ-ਪੱਤੀਆਂ ਝੜ ਕੇ ਜ਼ਮੀਨ ਉੱਤੇ ਡਿੱਗ ਪਈਆ।

**ਪ੍ਰ3. ਗੁਰੂ ਹਰਿਗੋਬਿੰਦ ਜੀ ਨੇ ਇਸ ਸੰਸਾਰ ਦੀ ਕਿਸ ਨਾਲ਼ ਤੁਲਨਾ ਕੀਤੀ ਹੈ?**
ੳ. ਗੁਰੂ ਹਰਿਗੋਬਿੰਦ ਜੀ ਨੇ ਸੰਸਾਰ ਦੀ ਤੁਲਨਾ ਬਗ਼ੀਚੇ ਨਾਲ਼ ਕੀਤੀ ਹੈ।

**ਪ੍ਰ4. ਗੁਰੂ ਜੀ ਸ਼ਿਕਾਰ ਖੇਡ ਕੇ ਲਿਆਂਦੇ ਜਾਨਵਰਾਂ ਨਾਲ਼ ਕੀ ਵਰਤਾਓ ਕਰਦੇ ਸਨ ?**
ੳ. ਗੁਰੂ ਜੀ ਸ਼ਿਕਾਰ ਖੇਡ ਕੇ ਲਿਆਂਦੇ ਜਾਨਵਰਾਂ ਦੀ ਖ਼ੁਰਾਕ ਦਾ ਪ੍ਰਬੰਧ ਕਰਦੇ ਤੇ ਆਪਣੇ ਚਿੜੀਆਂ-ਘਰ ਵਿੱਚ ਉਹਨਾਂ ਦੀ ਸੰਭਾਲ ਕਰਦੇ ਸਨ ।

**ਪ੍ਰ5. ਦਵਾਖ਼ਾਨੇ ਵਿੱਚ ਬੀਮਾਰਾਂ ਦਾ ਇਲਾਜ ਕਿਵੇਂ ਕੀਤਾ ਜਾਂਦਾ ਸੀ ?**
ੳ. ਦਵਾਖ਼ਾਨੇ ਵਿੱਚ ਬੀਮਾਰਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਸੀ।

## ਸ) ਪ੍ਰਸ਼ਨ – ਉੱਤਰ :

**ਪ੍ਰ1. ਗੁਰੂ ਹਰਿ ਰਾਇ ਜੀ ਕੌਣ ਸਨ ਤੇ ਉਹ ਪਰਿਵਾਰ ਨਾਲ਼ ਕਿੱਥੇ ਰਹਿੰਦੇ ਸਨ ?**
ੳ. ਗੁਰੂ ਹਰਿ ਰਾਇ ਜੀ ਸਿੱਖਾਂ ਦੇ ਸੱਤਵੇਂ ਗੁਰੂ ਸਨ ਤੇ ਉਹ ਆਪਣੇ ਪਰਿਵਾਰ ਨਾਲ਼ ਕੀਰਤਪੁਰ ਵਿਖੇ ਰਹਿੰਦੇ ਸਨ ।

**ਪ੍ਰ2. ਬਾਲ ਉਮਰ ਵਿੱਚ ਗੁਰੂ ਹਰਿ ਰਾਏ ਜੀ ਨਾਲ਼ ਸੰਬੰਧਤ ਕਿਹੜੀ ਘਟਨਾ ਜੁੜੀ ਹੋਈ ਹੈ ?**
ੳ. ਉਹਨਾਂ ਦੇ ਬਚਪਨ ਨਾਲ ਬਗ਼ੀਚੇ ਵਾਲੀ ਘਟਨਾ ਜੁੜੀ ਹੋਈ ਹੈ। ਉਹਨਾਂ ਦੇ ਚੋਗ਼ੇ ਤੋਂ ਛੋਹ ਕੇ ਡਿੱਗ ਰਹੇ ਪੱਤਿਆਂ ਅਤੇ ਫੁੱਲਾਂ ਨੂੰ ਦੇਖ ਕੇ ਉਹ ਵਿਆਕੁਲ ਹੋ ਗਏ ਅਤੇ ਉਹਨਾਂ ਦੀਆਂ ਅੱਖਾਂ ਵਿੱਚੋਂ ਨੀਰ ਵਗਣ ਲੱਗਿਆ।ਇਸ ਘਟਨਾ ਤੋਂ ਉਹਨਾਂ ਦੇ ਕੋਮਲ ਸੁਭਾਅ ਦਾ ਪਤਾ ਲੱਗਦਾ ਹੈ।

**ਪ੍ਰ3. ਗੁਰੂ ਜੀ ਦੇ ਜੀਵਨ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?**
ੳ. ਗੁਰੂ ਜੀ ਦੇ ਜੀਵਨ ਤੋਂ ਸਿੱਖਿਆ ਮਿਲਦੀ ਹੈ ਕਿ ਸਾਨੂੰ ਸਖ਼ਤ ਦਿਲ ਨਹੀਂ ਬਣਨਾ ਚਾਹੀਦਾ। ਸਾਰੇ ਜੰਤੂਆਂ ਨਾਲ਼ ਪਿਆਰ ਨਾਲ਼ ਰਹਿਣਾ ਚਾਹੀਦਾ ਹੈ ।

## ਪੁਸਤਕ ਅਭਿਆਸ :

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਸੱਤਵੇਂ 2) ਖੁੱਲ੍ਹਾ ਚੋਗ਼ਾ 3) ਦੁੱਖ 4) ਫੜ ਕੇ ਘਰ ਲੈ ਆਉਂਦੇ ਸਨ 5) ਕਠੋਰ

**ਹ) ਖ਼ਾਲੀ ਥਾਵਾਂ ਭਰੋ :** 1) ਸਪੁੱਤਰ 2) ਬਗ਼ੀਚੇ 3) ਕੋਮਲ 3) ਮੁਫ਼ਤ 4) ਕਠੋਰ

**ਕ) ✓ / × ਦਾ ਨਿਸ਼ਾਨ ਲਗਾਉ:** 1) × 2) ✓ 3) ✓ 4) × 5) ✓

**ਸ਼ਬਦਾਂ ਨਾਲ ਖੇਡੋ –** ਸਿੱਖਿਆ 2) ਪਰਿਵਾਰ 3) ਸੁਭਾਅ 4) ਅੱਥਰੂ 5) ਸੰਸਾਰ 6) ਸੰਬੰਧ 7) ਦਵਾਖ਼ਾਨਾ

## ਵਿਆਕਰਨ

**ੳ) ਦਿੱਤੇ ਕਥਨਾਂ ਲਈ ਇੱਕ ਸ਼ਬਦ ਲਿਖੋ:** 1) ਰਾਸ਼ਟਰ ਭਾਸ਼ਾ 2) ਮਾਂ ਕੋਲ਼ੋਂ 3) ਕੁਝ ਨਿਯਮਾਂ ਦਾ 4) ਅੱਖਰਾਂ ਦੀ 5) ਗੁਰਮੁਖੀ

**ਅ) ਵਚਨ ਬਦਲੀ ਕਰੋ :** 1) ਗੁਰੂ ਨੇ ਸਿੱਖਿਆ ਦਿੱਤੀ। 2) ਉਹਨਾਂ ਦੇ ਪੋਤਰੇ ਸ਼ਰਾਰਤੀ ਹਨ।
3) ਸਾਡੇ ਦਾਦਿਆਂ ਨੇ ਕਹਾਣੀਆਂ ਸੁਣਾਈਆਂ। 4) ਸਾਡੀਆਂ ਮਾਵਾਂ ਨੇ ਰੋਟੀਆਂ ਪਕਾਈਆਂ।
5) ਚਿੜੀਆਂ ਆਲ੍ਹਣੇ ਵਿੱਚ ਬੈਠੀਆਂ ਹਨ। 6) ਕਮੀਜ਼ਾਂ ਦੀਆਂ ਜੇਬਾਂ ਫਟ ਗਈਆਂ ਹਨ।

**ਤੁਹਾਡੀ ਕਲਮ ਤੋਂ : ਆਪ ਕਰੋ।**

# ਪਾਠ - 5: ਕੁਲ ਦੀਆਂ ਵਾਰਸ ਧੀਆਂ

## ਨਵੇਂ ਸ਼ਬਦ :

| | | | | |
|---|---|---|---|---|
| 1. ਪ੍ਰਾਈਵੇਟ | 2. ਤਨਖ਼ਾਹ | 3. ਪਰਿਵਾਰ | 4. ਸਕੂਲ | 5. ਪੁਲਿਸ |
| 6. ਦਫ਼ਤਰ | 7. ਡੀਟੌਲ | 8. ਫ਼ਰਮਾਇਸ਼ | 9. ਮੁਸੀਬਤ | 10. ਵਿਗਿਆਨ |
| 11. ਭ੍ਰਿਸ਼ਟਾਚਾਰੀਆਂ | 12. ਰਿਸ਼ਵਤਖ਼ੋਰਾਂ | 13. ਖ਼ੂਬਸੂਰਤ | 14. ਡਿਊਟੀ | 15. ਮੁਟਿਆਰਾਂ |

## ਸ਼ਬਦ - ਅਰਥ

1. ਤਤ੍ਰੀਰੀਆਂ = ਧਾਰਾਂ
2. ਭਾਂਪਦਿਆਂ = ਮਹਿਸੂਸ ਕਰਦਿਆਂ
3. ਮਨਚਲਾ = ਸ਼ਰਾਰਤੀ ਲੜਕਾ
4. ਕੁਲ = ਖ਼ਾਨਦਾਨ
5. ਸੁਹਿਰਦਤਾ = ਨੇਕ-ਨੀਅਤੀ

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

## ੲ) ਪ੍ਰਸ਼ਨ - ਉੱਤਰ :

**ਪ੍ਰ1. ਘਰ ਵਿੱਚ ਸਿਮਰਨ ਨੂੰ ਕਿੱਥੇ ਦਾਖ਼ਲ ਕਰਾਉਣ ਦੀ ਤਿਆਰੀ ਚੱਲ ਰਹੀ ਸੀ?**
ਉ. ਸਿਮਰਨ ਨੂੰ ਪਲੇਅ-ਵੇ ਸਕੂਲ ਵਿੱਚ ਦਾਖ਼ਲ ਕਰਾਉਣ ਦੀ ਤਿਆਰੀ ਚੱਲ ਰਹੀ ਸੀ।

**ਪ੍ਰ2. ਛੋਟੀ ਹੁੰਦੀ ਸਿੰਮੋ ਕੀ ਕਹਿ ਕੇ ਹੱਸ ਪੈਂਦੀ ਸੀ?**
ਉ. ਛੋਟੀ ਹੁੰਦੀ ਸਿੰਮੋ ਇਹ ਕਹਿ ਕੇ ਹੱਸ ਪੈਂਦੀ ਕਿ ਉਸ ਨੇ ਪੁਲਿਸ ਬਣਨਾ ਹੈ।

**ਪ੍ਰ3. ਰਾਜਵੀਰ ਦੀ ਮਾਂ ਘਰ ਵਿੱਚ ਪੋਤਰੇ ਦਾ ਜਨਮ ਕਿਉਂ ਚਾਹੁੰਦੀ ਸੀ?**
ਉ. ਰਾਜਵੀਰ ਦੀ ਮਾਂ ਕੁਲ ਦਾ ਨਾਮ ਅੱਗੇ ਵਧਾਉਣ ਲਈ ਪੋਤਰੇ ਦਾ ਜਨਮ ਚਾਹੁੰਦੀ ਸੀ।

**ਪ੍ਰ4. ਰਾਜਵੀਰ ਅਨੁਸਾਰ ਕੁਲ ਕਿਵੇਂ ਚੱਲ ਸਕਦੇ ਹਨ?**
ਉ. ਰਾਜਵੀਰ ਅਨੁਸਾਰ ਕੁਲ ਲੜਕੀਆਂ ਨਾਲ ਵੀ ਚੱਲ ਸਕਦੇ ਹਨ।

## ਸ) ਪ੍ਰਸ਼ਨ - ਉੱਤਰ :

**ਪ੍ਰ.1 ਛੋਟੀ ਹੁੰਦੀ ਸਿਮਰਨ ਆਪਣੀ ਮੰਮੀ ਨਾਲ਼ ਕੀ - ਕੀ ਗੱਲਾਂ ਕਰਦੀ ਸੀ ?**
ਉ. ਸਿਮਰਨ ਆਪਣੀ ਮੰਮੀ ਨੂੰ ਕਹਿੰਦੀ ਕਿ ਉਸਨੇ ਬੱਘੀ ਵਿੱਚ ਬੈਠ ਕੇ ਸਕੂਲ ਜਾਣਾ ਹੈ ਤੇ ਉੱਥੇ ਜਾ ਕੇ ਖੇਡਾਂ ਖੇਡਣੀਆਂ ਹਨ।

**ਪ੍ਰ.2 ਸਿਮਰਨ ਦੇ ਸੱਟ ਲੱਗਣ ਤੇ ਰਾਜਵੀਰ ਨੇ ਕੀ-ਕੀ ਕੀਤਾ?**
ਉ. ਰਾਜਵੀਰ ਸਿਮਰਨ ਨੂੰ ਡਾਕਟਰ ਕੋਲ ਲੈ ਕੇ ਗਿਆ ਤੇ ਮਲ੍ਹਮ ਪੱਟੀ ਕਰਵਾਈ।

**ਪ੍ਰ3. ਰਾਜਵੀਰ ਨੇ ਕੁੜੀਆਂ ਦੇ ਹੱਕ ਵਿੱਚ ਕੀ ਗੱਲਾਂ ਕਰ ਕੇ ਮਾਂ ਨੂੰ ਸਮਝਾਇਆ?**
ਉ. ਰਾਜਵੀਰ ਨੇ ਕਿਹਾ ਕਿ ਅੱਜ ਕੱਲ੍ਹ ਕੁੜੀਆਂ ਕਮਜ਼ੋਰ ਨਹੀਂ ਹਨ ਸਗੋਂ ਉਹ ਅਸਮਾਨਾਂ ਵਿੱਚ ਉਡਾਰੀਆਂ ਲਾਉਂਦੀਆਂ ਹਨ।

**ਪ੍ਰ4. ਸਿਮਰਨ ਤੇ ਜੀਵਿਕਾ ਦੇ ਮੁਟਿਆਰ ਹੋਣ 'ਤੇ ਉਹਨਾਂ ਬਾਰੇ ਕੁਝ ਲਿਖੋ।**
ਉ. ਸਿਮਰਨ ਤੇ ਜੀਵਿਕਾ ਉੱਚੀਆਂ - ਲੰਮੀਆਂ ਤੇ ਖ਼ੂਬਸੂਰਤ ਸਨ । ਉਹਨਾਂ ਨੇ ਪੜ੍ਹਾਈ ਦੇ ਨਾਲ਼-ਨਾਲ਼ ਜੂਡੋ ਅਤੇ ਕਰਾਟੇ ਵੀ ਸਿੱਖੇ ਤੇ ਉਹ ਆਪਣੀ ਡਿਊਟੀ ਪ੍ਰਤੀ ਵਫ਼ਾਦਾਰ ਸਨ।

## ਪੁਸਤਕ ਅਭਿਆਸ

ਅ) ਬਹੁ-ਵਿਕਲਪੀ ਪ੍ਰਸ਼ਨ:
1) ਪ੍ਰਾਈਵੇਟ ਕੰਪਨੀ ਵਿੱਚ  2) ਪੁਲਿਸ  3) ਪੋਤਰੇ ਦਾ
4) ਸਰਹੱਦਾਂ 'ਤੇ  5) ਜੂਡੋ-ਕਰਾਟੇ ਦੀ

ਹ) **ਕਿਸ ਨੇ, ਕਿਸ ਨੂੰ ਕਿਹਾ:** 1) ਸਿਮਰਨ ਨੇ - ਪਾਪਾ ਨੂੰ  2) ਰਾਜਵੀਰ ਨੇ- ਆਪਣੀ ਪਤਨੀ ਅਣੂ ਨੂੰ
3) ਮਾਂ ਨੇ - ਰਾਜਵੀਰ ਨੂੰ  4) ਰਾਜਵੀਰ ਨੇ - ਮਾਂ ਨੂੰ

ਕ) **✓ / × ਦਾ ਨਿਸ਼ਾਨ ਲਗਾਉ :** 1) × 2) ✓ 3) ✓ 4) ✓ 5) ×

ਸ਼ਬਦਾਂ ਨਾਲ ਖੇਡੋ:

ੳ) ਹੇਠਾਂ ਪਾਠ ਵਿਚਲੇ ਸ਼ਬਦ ਦਿੱਤੇ ਗਏ ਹਨ। ਇਹਨਾਂ ਦੇ ਅਰਥ ਲਿਖੋ:

1) ਕੰਮ ਦੇ ਬਦਲੇ ਵਿੱਚ ਮਿਲਣ ਵਾਲੇ ਰੁਪਏ 2) ਲੁੱਟਣ ਵਾਲਾ 3) ਦਸ਼ਾ
4) ਸਵੀਕਾਰ ਕਰਨਾ 5) ਹੱਦ 6) ਨਾਲ ਚੱਲਣਾ

ਅ) ਖ਼ਾਲੀ ਥਾਵਾਂ ਭਰੋ : 1) ਤਿਆਰੀ 2) ਚੋਰ-ਲੁਟੇਰਿਆਂ 3) ਘਬਰਾਉਣ 4) ਮੁੰਡੇ-ਕੁੜੀ 5) ਸੁਹਿਰਦਤਾ

## ਵਿਆਕਰਨ :

ੳ) ਬਹੁ-ਵਿਕਲਪੀ ਪ੍ਰਸ਼ਨ : 1) ਪੰਡਤਾਣੀ 2) ਸਰਕਾਰੀ 3) ਪੁਲਿਸ 4) ਡਾਕਟਰ 5) ਖੇਡਾਂ

ਅ) ਸ਼ੁੱਧ-ਅਸ਼ੁੱਧ :

1) ਕੁੜੀਆਂ ਗੀਤ ਗਾ ਚੁੱਕੀਆਂ ਹਨ। 2) ਪਾਪਾ ਜੀ ਘਰ ਆ ਗਏ ਹਨ। 3) ਮੰਮੀ ਨੇ ਪਕੌੜੇ ਬਣਾਏ ਹਨ ।
4) ਦਾਦੀਆਂ ਕਹਾਣੀਆਂ ਸੁਣਾ ਰਹੀਆਂ ਹਨ। 5) ਕੁੜੀਆਂ ਸਤਿਕਾਰ ਦੀਆਂ ਪਾਤਰ ਹਨ।6) ਬਾਬਾ ਜੀ ਉਪਦੇਸ਼ ਦੇ ਰਹੇ ਹਨ।

ਤੁਹਾਡੀ ਕਲਮ ਤੋਂ : ਆਪ ਕਰੋ।

## ਪਾਠ - 6 : ਦੇਸ਼ - ਪਿਆਰ

### ਨਵੇਂ ਸ਼ਬਦ :

| | | | | |
|---|---|---|---|---|
| 1. ਅਧਿਆਪਕਾ | 2. ਉਮੀਦ | 3. ਦੇਸ਼-ਵਾਸੀਆਂ | 4. ਮੁਸੀਬਤ | 5. ਕੁਦਰਤੀ |
| 6. ਸੁਨਾਮੀ | 7. ਜਪਾਨੀਆਂ | 8. ਤਬਾਹੀ | 9. ਤੂਫ਼ਾਨ | 10. ਇਮਦਾਦ |
| 11. ਮਹੀਨਿਆਂ | 12. ਯੂਨੀਵਰਸਿਟੀ | 13. ਵਿਦਿਆਰਥੀਆਂ | 14. ਸਬਜ਼ੀਆਂ | 15. ਰਾਜਧਾਨੀ |

### ਸ਼ਬਦ - ਅਰਥ

1. ਕਰੋਪੀਆਂ = ਆਫ਼ਤਾਂ 2. ਤ੍ਰਾਹ-ਤ੍ਰਾਹ ਕਰ ਉੱਠਣਾ = ਦੁਖੀ ਹੋ ਜਾਣਾ 3. ਜੇਰੇ = ਹੌਂਸਲੇ
4. ਪ੍ਰਦਰਸ਼ਨੀ = ਨੁਮਾਇਸ਼ 5. ਯੋਧਿਆਂ = ਬਹਾਦਰਾਂ

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

### ੲ) ਪ੍ਰਸ਼ਨ - ਉੱਤਰ :

**ਪ੍ਰ1. ਜਪਾਨੀ ਲੋਕਾਂ ਦੀ ਕਿਹੜੀ ਚੀਜ਼ ਛੋਟੀ ਹੈ ਤੇ ਕਿਹੜੀ ਵੱਡੀ ਹੈ?**
ਉ. ਜਪਾਨੀ ਲੋਕਾਂ ਦੇ ਕੱਦ ਛੋਟੇ ਹਨ ਤੇ ਜੇਰੇ ਬਹੁਤ ਵੱਡੇ ਹਨ।

**ਪ੍ਰ2. ਜਪਾਨ ਨੂੰ ਕਿਹੜੀ ਚੀਜ਼ ਦੀ ਮਾਰ ਪੈਂਦੀ ਰਹਿੰਦੀ ਹੈ?**
ਉ. ਜਪਾਨ ਨੂੰ ਕੁਦਰਤੀ ਕਰੋਪੀਆਂ ਦੀ ਮਾਰ ਪੈਂਦੀ ਰਹਿੰਦੀ ਹੈ।

**ਪ੍ਰ3. ਜਪਾਨ ਵਿੱਚ ਕਿਹੋ ਜਿਹੀਆਂ ਸੁਨਾਮੀ ਲਹਿਰਾਂ ਆਈਆਂ ?**
ਉ. ਜਪਾਨ ਵਿੱਚ ਪੰਦਰਾਂ - ਪੰਦਰਾਂ, ਵੀਹ - ਵੀਹ ਫੁੱਟ ਉੱਚੀਆਂ ਸੁਨਾਮੀ ਲਹਿਰਾਂ ਆਈਆਂ।

**ਪ੍ਰ4. ਸਵਾਮੀ ਰਾਮ ਤੀਰਥ ਨੂੰ ਜਪਾਨ ਵਿਖੇ ਕਿਸ ਨੇ ਬੁਲਾਇਆ ਸੀ?**
ਉ. ਸਵਾਮੀ ਰਾਮ ਤੀਰਥ ਨੂੰ ਜਪਾਨ ਵਿਖੇ ਇੱਕ ਯੂਨੀਵਰਸਿਟੀ ਨੇ ਬੁਲਾਇਆ ਸੀ।

**ਪ੍ਰ5. ਉਸ ਵਿਦਿਆਰਥੀ ਅਨੁਸਾਰ ਕਨਫਿਊਸ਼ਿਅਸ ਕੌਣ ਸਨ?**
ਉ. ਵਿਦਿਆਰਥੀ ਅਨੁਸਾਰ ਕਨਫਿਊਸ਼ਿਅਸ ਇੱਕ ਮਹਾਨ ਸੰਤ ਸਨ ।

### ਸ. ਪ੍ਰਸ਼ਨ - ਉੱਤਰ :

**ਪ੍ਰ.1 ਮੈਡਮ ਨੇ ਜਪਾਨ ਅਤੇ ਜਪਾਨੀਆਂ ਬਾਰੇ ਕੀ - ਕੀ ਦੱਸਿਆ?**
ਉ. ਮੈਡਮ ਨੇ ਦੱਸਿਆ ਕਿ ਸਭ ਪਾਸਿਓਂ ਪਾਣੀ ਨਾਲ ਘਿਰਿਆ ਹੋਣ ਕਰਕੇ ਜਪਾਨ ਨੂੰ ਕੁਦਰਤੀ ਕਰੋਪੀਆਂ ਦੀ ਮਾਰ ਪੈਂਦੀ ਹੈ। ਜਪਾਨੀ ਲੋਕ ਤਬਾਹੀ ਭੁੱਲ ਕੇ ਨਵੀਂ ਉਸਾਰੀ ਵਿੱਚ ਲੱਗ ਜਾਂਦੇ ਹਨ। ਇਹ ਉਹਨਾਂ ਦੀ ਦੇਸ਼ ਭਗਤੀ ਦੀ ਜ਼ਿੰਦਾ ਮਿਸਾਲ ਹੈ ।

**ਪ੍ਰ.2 ਸਵਾਮੀ ਰਾਮ ਤੀਰਥ ਨੇ ਜਪਾਨੀ ਵਿਦਿਆਰਥੀਆਂ ਨੂੰ ਕੀ-ਕੀ ਸਵਾਲ ਪੁੱਛੇ?**
ਉ. ਸਵਾਮੀ ਰਾਮ ਤੀਰਥ ਨੇ ਜਪਾਨੀ ਵਿਦਿਆਰਥੀਆਂ ਨੂੰ ਪੁੱਛਿਆ ਕਿ ਤੁਸੀਂ ਕਿਸ ਧਰਮ ਨੂੰ ਮੰਨਦੇ ਹੋ ਤੇ ਮਹਾਤਮਾ ਬੁੱਧ ਜਾਂ ਕਨਫਿਊਸ਼ਿਅਸ ਤੁਹਾਡੇ ਦੇਸ਼ ਤੇ ਹਮਲਾ ਕਰ ਦੇਣ ਤਾਂ ਤੁਸੀਂ ਕੀ ਕਰੋਗੇ।

ਪ੍ਰ.3 ਕਿਹੜੇ ਪ੍ਰਸ਼ਨ 'ਤੇ ਵਿਦਿਆਰਥੀ ਲੋਹਾ – ਲਾਖਾ ਹੋ ਗਿਆ ਤੇ ਉਸ ਨੇ ਕੀ ਕਿਹਾ?
ਉ. ਸਵਾਮੀ ਜੀ ਦੇ ਸਵਾਲ ਮਹਾਤਮਾ ਬੁੱਧ ਜਾਂ ਕਨਫਿਊਸ਼ਿਅਸ ਤੁਹਾਡੇ ਦੇਸ਼ ਤੇ ਹਮਲਾ ਕਰ ਦੇਣ ਤਾਂ ਤੁਸੀਂ ਕੀ ਕਰੋਗੇ ਤੇ ਵਿਦਿਆਰਥੀ ਲੋਹਾ- ਲਾਖਾ ਹੋ ਗਿਆ। ਵਿਦਿਆਰਥੀ ਨੇ ਕਿਹਾ ਕਿ ਸਾਡੇ ਦੇਸ਼ ਤੇ ਬੁਰੀ ਨਜ਼ਰ ਰੱਖਣ ਵਾਲੇ ਦੀਆਂ ਅੱਖਾਂ ਕੱਢ ਦੇਵਾਂਗਾ।

ਪ੍ਰ.4 ਜਪਾਨੀਆਂ ਦੀ ਖ਼ੁਰਾਕ ਕੀ ਹੈ? ਜਪਾਨ ਦੀਆਂ ਕੁਝ ਵਿਸ਼ੇਸ਼ ਗੱਲਾਂ ਬਾਰੇ ਲਿਖੋ।
ਉ. ਜਪਾਨੀਆਂ ਦੀ ਮਨ-ਪਸੰਦ ਖ਼ੁਰਾਕ ਚਾਵਲ, ਮੱਛੀ, ਫ਼ਲ ਤੇ ਸਬਜ਼ੀਆਂ ਹਨ। ਜਪਾਨ ਦੀ ਰਾਜਧਾਨੀ ਟੋਕੀਓ ਹੈ।ਇੱਥੇ ਅਨੇਕਾਂ ਤਿਉਹਾਰ ਮਨਾਏ ਜਾਂਦੇ ਹਨ।ਜਿੰਨ੍ਹਾਂ ਵਿੱਚੋਂ ਮਾਰਚ ਵਿੱਚ ਮਨਾਇਆ ਜਾਣ ਵਾਲਾ 'ਗੁੱਡੀਆਂ ਦਾ ਤਿਉਹਾਰ' ਬਹੁਤ ਪ੍ਰਸਿੱਧ ਹੈ।

ਪ੍ਰ.5 ਸੁਨਾਮੀ ਲਹਿਰਾਂ ਕਾਰਨ ਜਪਾਨ ਵਿੱਚ ਹੋਈ ਤਬਾਹੀ ਬਾਰੇ ਲਿਖੋ।
ਉ. ਸੁਨਾਮੀ ਲਹਿਰਾਂ ਘਰਾਂ ਨੂੰ ਰੋੜ ਕੇ ਲੈ ਗਈਆਂ। ਕਰੋੜਾਂ – ਅਰਬਾਂ ਰੁਪਇਆ ਦਾ ਨੁਕਸਾਨ ਹੋਇਆ। ਬਹੁਤ ਸਾਰੇ ਲੋਕਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ।

## ਪੁਸਤਕ ਅਭਿਆਸ :

ਅ) ਬਹੁ-ਵਿਕਲਪੀ ਪ੍ਰਸ਼ਨ : 1) ਪਾਣੀ ਨਾਲ 2) ਛੋਟੇ-ਛੋਟੇ 3) ਸੁਨਾਮੀ ਲਹਿਰਾਂ ਨੇ 4) ਬੁੱਧ ਧਰਮ ਨੂੰ 5) ਪੱਛਮੀ 6) ਗੁੱਡੀਆਂ ਦੀ

ਹ) ਖ਼ਾਲੀ ਥਾਵਾਂ ਭਰੋ: 1) ਪਾਣੀ 2) ਸੁਨਾਮੀ 3) ਪੱਛਮੀ 4) ਨੀਪਾਨ 5) ਨਾਗਾਸਾਕੀ

## ਸ਼ਬਦਾਂ ਨਾਲ ਖੇਡੋ – ਵਾਕ ਬਣਾਉ : ਆਪਣੇ-ਆਪ ਕਰੋ।

## ਵਿਆਕਰਨ

ੳ) ਠੀਕ ਉੱਤਰ 'ਤੇ (✓) ਦਾ ਨਿਸ਼ਾਨ ਲਗਾਉ : 1) ਪੰਜ 2) ਖ਼ਾਸ ਨਾਂਵ 3) ਵਸਤੂ-ਵਾਚਕ ਨਾਂਵ 4) ਆਮ ਨਾਂਵ

ਅ) ਵਚਨ ਬਦਲੀ ਕਰੋ :
1) ਉਹ ਬੱਚੇ ਦੇਸ਼ ਨਾਲ ਪਿਆਰ ਕਰਦੇ ਹਨ। 2) ਜਪਾਨੀ ਬੱਚੇ ਜਾ ਰਹੇ ਹਨ।
3) ਕੁੜੀਆਂ ਵੱਡੀਆਂ ਹੋ ਗਈਆਂ ਹਨ। 4) ਰਾਣੀਆਂ ਨੇ ਦਾਸੀਆਂ ਨੂੰ ਬੁਲਾਇਆ।
5) ਸੁਨਾਮੀ ਲਹਿਰਾਂ ਨੇ ਤਬਾਹੀ ਮਚਾਈ। 6) ਉਹ ਬੱਚੇ ਲੋਹਾ ਲਾਖਾ ਹੋ ਗਏ।

ਤੁਹਾਡੀ ਕਲਮ ਤੋਂ : ਆਪ ਕਰੋ।

# ਪਾਠ – 7 : ਵਿੱਦਿਆ ਪੜ੍ਹਾਈ ਕਰੋ ਵਿੱਦਿਆ ਪੜ੍ਹਾਈ

## ਨਵੇਂ ਸ਼ਬਦ :

| | | | | |
|---|---|---|---|---|
| 1. ਅਨਪੜ੍ਹਤਾ | 2. ਵਿਦਵਾਨ | 3. ਸਤਿਕਾਰ | 4. ਮੰਦਰ | 5. ਵਿਦੇਸ਼ |
| 6. ਗਿਆਨ | 7. ਸੁਹਣਾ | 8. ਪਸ਼ੂ | 9. ਨੇਤਰ | 10. ਰੋਸ਼ਨੀ |
| 11. ਗਹਿਣਾ | 12. ਜੀਵਨ | 13. ਸੁਥਰਾ | 14. ਨਕਲਾਂ | 15. ਨਰਕ |

## ਸ਼ਬਦ – ਅਰਥ

1. ਅੰਞਾਈਂ = ਫ਼ਜ਼ੂਲ 2. ਅਨਮੋਲ = ਬਹੁਤ ਕੀਮਤੀ 3. ਨਰਕ ਨਾ ਬਣਾਉਣਾ = ਖ਼ਰਾਬ ਨਾ ਕਰਨਾ
4. ਠੁੱਕ = ਟੋਹਰ 5. ਚਾਨਣ – ਮੁਨਾਰਾ = ਰੋਸ਼ਨੀ ਦਾ ਸਤੰਭ

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ।

ੲ) ਪ੍ਰਸ਼ਨ – ਉੱਤਰ :

ਪ੍ਰ1. ਅਨਪੜ੍ਹ ਅਤੇ ਵਿਦਵਾਨ ਬੰਦੇ ਵਿੱਚ ਕੀ ਫ਼ਰਕ ਹੁੰਦਾ ਹੈ?
ਉ. ਅਨਪੜ੍ਹ ਬੰਦਾ ਪਸ਼ੂ ਸਮਾਨ ਹੁੰਦਾ ਹੈ ਤੇ ਵਿਦਵਾਨ ਬੰਦੇ ਦੀ ਸਾਰੇ ਇੱਜ਼ਤ ਕਰਦੇ ਹਨ।

ਪ੍ਰ2. ਸਕੂਲ ਬੱਚਿਆਂ ਅੰਦਰ ਕਿਹੜੇ ਦੀਪ ਜਗਾਉਂਦਾ ਹੈ?
ਉ. ਸਕੂਲ ਬੱਚਿਆਂ ਅੰਦਰ ਗਿਆਨ ਦਾ ਦੀਪ ਜਗਾਉਂਦਾ ਹੈ ।

ਪ੍ਰ3. ਵਿੱਦਿਆ ਕੀ ਬਣ ਕੇ ਰੋਸ਼ਨੀ ਫੈਲਾਉਂਦੀ ਹੈ?
ਉ. ਵਿੱਦਿਆ ਚਾਨਣ – ਮੁਨਾਰਾ ਬਣ ਕੇ ਰੋਸ਼ਨੀ ਫੈਲਾਉਂਦੀ ਹੈ ।

ਸ) ਪ੍ਰਸ਼ਨ - ਉੱਤਰ :

ਪ੍ਰ.1 ਕਵੀ ਬੱਚਿਆਂ ਨੂੰ ਕੀ ਕਰਨ ਦਾ ਸੁਨੇਹਾ ਦਿੰਦਾ ਹੈ। ਇਸ ਦੇ ਕੀ ਲਾਭ ਹਨ?
ਉ. ਕਵੀ ਬੱਚਿਆਂ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਸੁਨੇਹਾ ਦਿੰਦਾ ਹੈ। ਇਸ ਨਾਲ ਮਨੁੱਖ ਨੂੰ ਸੰਸਾਰ ਵਿੱਚ ਸਤਿਕਾਰ ਮਿਲਦਾ ਹੈ।

ਪ੍ਰ.2 ਵਿੱਦਿਆ ਤੀਜਾ ਨੇਤਰ ਬਣ ਕੇ ਕੀ ਕਰਦੀ ਹੈ ਤੇ ਇਹ ਕਿਹੋ ਜਿਹਾ ਗਹਿਣਾ ਹੈ?
ਉ. ਵਿੱਦਿਆ ਤੀਜਾ ਨੇਤਰ ਬਣ ਕੇ ਸਾਰੀ ਉਮਰ ਸਾਥ ਨਿਭਾਉਂਦੀ ਹੈ ਤੇ ਇਹ ਇੱਕ ਬਹੁਤ ਕੀਮਤੀ ਗਹਿਣਾ ਹੈ।

ਪ੍ਰ.3 ਨਕਲ ਤੋਂ ਕੀ ਭਾਵ ਹੈ? ਨਕਲਾਂ ਦੇ ਸਹਾਰੇ ਜ਼ਿੰਦਗੀ ਕਿਹੋ ਜਿਹੀ ਬਣਦੀ ਹੈ?
ਉ. ਨਕਲ ਤੋਂ ਭਾਵ ਕਿਸੇ ਦੀ ਰੀਸ ਕਰਨਾ। ਨਕਲਾਂ ਦੇ ਸਹਾਰੇ ਜ਼ਿੰਦਗੀ ਨਰਕ ਬਣ ਜਾਂਦੀ ਹੈ।

## ਪੁਸਤਕ ਅਭਿਆਸ:

ਅ) ਬਹੁ-ਵਿਕਲਪੀ ਪ੍ਰਸ਼ਨ : 1) ਅਨਪੜ੍ਹਤਾ ਨੂੰ 2) ਪਸ਼ੂ 3) ਤੀਜਾ ਨੇਤਰ 4) ਟੁੱਟੇ ਨਾ ਗੁਆਚੇ 5) ਤਬਾਹ

ਹ) ਕਾਵਿ-ਟੋਟੇ : 1) ਜੀਵਨ ਸਾਫ਼-ਸੁਥਰਾ ਹੁੰਦਾ ਹੈ। 2) ਜੀਵਨ ਨੂੰ ਨਰਕ ਬਣਾਉਂਦੀਆਂ ਹਨ।

ਸ਼ਬਦਾਂ ਨਾਲ ਖੇਡੋ: :

ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ : 1) ਦਾਦਕੇ 2) ਭਾਬੀ 3) ਖਿਡਾਰੀ 4) ਜੱਜ 5) ਅਨਪੜ੍ਹ 6) ਮੁਜਰਿਮ

## ਵਿਆਕਰਨ:

ੳ) ਠੀਕ ਉੱਤਰ ਤੇ ਗੋਲਾ ਲਗਾਉ : 1) ਪੰਜ 2) ਨਾਵਾਂ ਦੀ 3) ਲਿੰਗ-ਪੁਲਿੰਗ 4) ਵਚਨ 5) ਬੰਦੇ

## ਅ) ਸ਼ੁੱਧ-ਅਸ਼ੁੱਧ :

1) ਪੜ੍ਹਾਈ 2) ਅਨਪੜ੍ਹ 3) ਜੜ੍ਹ 4) ਸਤਿਕਾਰ 5) ਗਿਆਨ
6) ਰੋਸ਼ਨੀ 7) ਗਹਿਣਾ 8) ਵੱਧਦਾ 9) ਵਿਦਵਾਨ 10) ਪਸ਼ੂ

ਤੁਹਾਡੀ ਕਲਮ ਤੋਂ : ਆਪ ਕਰੋ।

# ਪਾਠ - 8 : ਸਮੇਂ ਦੇ ਨਾਲ ਚੱਲਣਾ ਸਿੱਖੋ

## ਨਵੇਂ ਸ਼ਬਦ :

| | | | | |
|---|---|---|---|---|
| 1. ਫ਼ੁਰਤੀਲੀ | 2. ਸਿਹਤਮੰਦ | 3. ਬਜ਼ੁਰਗ | 4. ਦਸਤਖ਼ਤਾਂ | 5. ਅੰਗੂਠਾ |
| 6. ਅਜ਼ਾਦੀ | 7. ਰੀਝ | 8. ਕਹਾਣੀਆਂ | 9. ਬੁਝਾਰਤਾਂ | 10. ਸ਼ਰਾਰਤੀ |
| 11. ਮਜ਼ਾਕ | 12. ਕਾਗ਼ਜ਼ | 13. ਇਨਕਾਰ | 14. ਅਸ਼ੀਰਵਾਦ | 15. ਕਾਮਯਾਬ |

## ਸ਼ਬਦ - ਅਰਥ

1. ਟੋਕਾ-ਟਕਾਈ ਕਰਨਾ = ਦਖ਼ਲ-ਅੰਦਾਜ਼ੀ ਕਰਨਾ 2. ਰੀਝ = ਇੱਛਾ 3. ਝੋਰਾ = ਫ਼ਿਕਰ
4. ਜ਼ਮਾਨਾ = ਸਮਾਂ 5. ਧਾਰ ਲੈਣਾ = ਪੱਕਾ ਇਰਾਦਾ ਕਰ ਲੈਣਾ

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ :

## ੲ) ਪ੍ਰਸ਼ਨ - ਉੱਤਰ :

ਪ੍ਰ1. ਮਾਤਾ ਆਪਣੀ ਉਮਰ ਮੁਤਾਬਿਕ ਕਿਹੋ ਜਿਹੀ ਸੀ?
ਉ. ਮਾਤਾ ਆਪਣੀ ਉਮਰ ਮੁਤਾਬਿਕ ਫ਼ੁਰਤੀਲੀ ਤੇ ਸਿਹਤਮੰਦ ਸੀ।

ਪ੍ਰ2. ਮਾਤਾ ਅਕਸਰ ਕੀ ਆਖਦੀ ਸੀ?
ਉ. ਮਾਤਾ ਆਖਦੀ ਸੀ ਕਿ ਹੁਣ ਜ਼ਮਾਨਾ ਬਦਲ ਚੁੱਕਾ ਹੈ। ਸਾਨੂੰ ਸਮੇਂ ਅਨੁਸਾਰ ਚੱਲਣਾ ਚਾਹੀਦਾ ਹੈ।

ਪ੍ਰ3. ਮਾਤਾ ਕਿਹੜੀ ਗੱਲੋਂ ਆਪਣੇ -ਆਪ ਨੂੰ ਹੀਣਾ ਸਮਝਦੀ ਸੀ?
ਉ. ਪੜ੍ਹੀ ਲਿਖੀ ਨਾ ਹੋਣ ਕਰਕੇ ਮਾਤਾ ਨੂੰ ਦਸਤਖ਼ਤ ਦੀ ਥਾਂ ਅੰਗੂਠਾ ਲਾਉਣਾ ਪੈਂਦਾ ਸੀ ਇਸ ਲਈ ਉਹ ਆਪਣੇ ਆਪ ਨੂੰ ਹੀਣਾ ਸਮਝਦੀ ਸੀ।

ਸ) ਪ੍ਰਸ਼ਨ - ਉੱਤਰ :

ਪ੍ਰ.1 ਮਾਤਾ ਦੀ ਸਿਹਤ ਕਿਹੋ ਜਿਹੀ ਸੀ ਤੇ ਘਰ ਵਿੱਚ ਕਿਸ ਹਿਸਾਬ ਨਾਲ਼ ਚੱਲ ਰਹੀ ਸੀ?

ਉ. ਮਾਤਾ ਸਿਹਤਮੰਦ ਸੀ। ਉਹ ਨੂੰਹਾਂ-ਧੀਆਂ ਨੂੰ ਕੁਝ ਨਹੀਂ ਕਹਿੰਦੀ ਸੀ ਸਗੋਂ ਬਦਲੇ ਸਮੇਂ ਅਨੁਸਾਰ ਚੱਲਦੀ ਸੀ।

ਪ੍ਰ.2 ਮਾਤਾ ਦੀਆਂ ਨੂੰਹਾਂ-ਧੀਆਂ ਕਿਵੇਂ ਰਹਿੰਦੀਆਂ ਸਨ?

ਉ. ਨੂੰਹਾਂ-ਧੀਆਂ ਮਾਤਾ ਦੀ ਪੂਰੀ ਇੱਜ਼ਤ ਕਰਦੀਆਂ ਸਨ ਤੇ ਉਸ ਦੀ ਹਰ ਇੱਛਾ ਪੂਰੀ ਕਰਦੀਆਂ ਸਨ।

ਪ੍ਰ.3 ਮਾਤਾ ਦੇ ਮੁਤਾਬਕ ਉਹ ਪੜ੍ਹ ਕਿਉਂ ਨਹੀਂ ਸੀ ਸਕੀ ?

ਉ. ਮਾਤਾ ਦੇ ਮੁਤਾਬਕ ਉਸ ਸਮੇਂ ਸਕੂਲ ਨਹੀਂ ਹੁੰਦੇ ਸਨ । ਉਸ ਦੇ ਘਰਦਿਆਂ ਨੇ ਵੀ ਉਸ ਨੂੰ ਨਹੀਂ ਪੜ੍ਹਾਇਆ।

ਪ੍ਰ.4 ਬੱਚਿਆਂ ਨੂੰ ਪੜ੍ਹਦੇ ਦੇਖ ਕੇ ਮਾਤਾ ਨੇ ਉਹਨਾਂ ਨੂੰ ਕੀ ਕਿਹਾ ?

ਉ. ਮਾਤਾ ਨੇ ਪੁਛਿਆ ਕਿ ਮੈਨੂੰ ਦਸਤਖ਼ਤ ਕਰਨੇ ਸਿਖਾ ਦਿਉਗੇ।

## ਪੁਸਤਕ ਅਭਿਆਸ :

**ਅ) ਬਹੁ-ਵਿਕਲਪੀ ਪ੍ਰਸ਼ਨ :** 1) ਫ਼ੁਰਤੀਲੀ 2) ਇੱਜ਼ਤ ਕਰਦੀਆਂ ਸਨ 3) ਕਹਾਣੀਆਂ ਤੇ ਬਾਤਾਂ ਦਾ 4) ਉਹ ਪੜ੍ਹੀ ਕਿਉਂ ਨਹੀਂ 5) ਦਸਤਖ਼ਤ ਕਰਨੇ 6) ਅੰਗੂਠਾ ਲਾਉਣ ਤੋਂ

**ਹ) ਖ਼ਾਲੀ ਥਾਵਾਂ ਭਰੋ:** 1) ਫ਼ੁਰਤੀਲੀ 2) ਟੋਕਾ-ਟਕਾਈ 3) ਹੀਣ-ਭਾਵਨਾ 4) ਅੱਖਰ 5) ਅੰਗੂਠਾ

**ਕ) ਕਿਸ ਨੇ ਕਿਸ ਨੂੰ ਕਹੇ :** 1) ਕਾਕਾ ਨੇ - ਦਾਦੀ ਨੂੰ 2) ਵੱਡੀ ਪੋਤੀ ਨੇ - ਦਾਦੀ ਨੂੰ 3) ਮਾਤਾ ਨੇ - ਵੱਡੇ ਪੁੱਤਰ ਨੂੰ

## ਸ਼ਬਦਾਂ ਨਾਲ ਖੇਡੋ -

**ਹੇਠ ਲਿਖੇ ਵਾਕਾਂ ਦੀ ਤਰਤੀਬ ਸਹੀ ਕਰਕੇ ਲਿਖੋ:** 1) ਉਸ ਦੀ ਹਰ ਇੱਛਾ ਨੂੰ ਪੂਰੀ ਕਰਨ ਦੀ ਕੋਸ਼ਿਸ਼ ਕਰਦੀਆਂ ਸਨ। 2) ਛੋਟੀ ਉਮਰ ਵਿੱਚ ਹੀ ਕੁੜੀਆਂ ਦੇ ਵਿਆਹ ਕਰ ਦਿੱਤੇ ਜਾਂਦੇ ਸਨ। 3) ਇੱਕ ਦਿਨ ਮਾਤਾ ਦੇ ਪੋਤੇ - ਪੋਤੀਆਂ ਪੜ੍ਹ ਰਹੇ ਸਨ। 4) ਪੜ੍ਹਨ -ਲਿਖਣ ਦੀ ਗੱਲ ਸੁਣ ਕੇ ਦਾਦੀ ਖ਼ੁਸ਼ ਹੋ ਗਈ। 5) ਸਭ ਨੇ ਸਿਰ ਝੁਕਾ ਕੇ ਮਾਤਾ ਦਾ ਅਸ਼ੀਰਵਾਦ ਲਿਆ।

## ਵਿਆਕਰਨ:

**ੳ) ਠੀਕ ਉੱਤਰ 'ਤੇ (✓) ਦਾ ਨਿਸ਼ਾਨ ਲਗਾਉ :** 1) ਪਿਤਾ 2) ਬਾਤਾਂ 3) ਖ਼ਾਸ ਨਾਂਵ 4) ਪੜਨਾਂਵ 5) ਆਲਸੀ

**ਅ) ਵਿਰੋਧੀ ਸ਼ਬਦ ਲਿਖੋ:** 1) ਅਧੂਰੀ 2) ਆਲਸੀ 3) ਹੌਲ਼ੀ 4) ਜਾਗਦਾ 5) ਨੌਜਵਾਨ 6) ਗ਼ੁਲਾਮੀ 7) ਬੇਇੱਜ਼ਤ 8) ਪੜ੍ਹਿਆ ਲਿਖਿਆ

## ਕਹਾਣੀ-ਬਾਣੀਆ ਤੇ ਸ਼ਾਹੂਕਾਰ

ਇੱਕ ਪਿੰਡ ਵਿੱਚ ਇੱਕ ਇਮਾਨਦਾਰ ਬਾਣੀਆ ਤੇ ਸ਼ਾਹੂਕਾਰ ਰਹਿੰਦੇ ਸਨ। ਦੋਹਾਂ ਦੀ ਆਪਸ ਵਿੱਚ ਮਿੱਤਰਤਾ ਹੋਣ ਕਰਕੇ ਇੱਕ-ਦੂਜੇ ਉੱਪਰ ਵਿਸ਼ਵਾਸ ਸੀ। ਇੱਕ ਵਾਰ ਬਾਣੀਏ ਨੇ ਪਰਿਵਾਰ ਸਮੇਤ ਤੀਰਥ ਯਾਤਰਾ ਤੇ ਜਾਣ ਦਾ ਮਨ ਬਣਾਇਆ। ਉਸਨੇ ਆਪਣੇ ਰੁਪਇਆ ਵਾਲਾ ਟਰੰਕ ਸ਼ਾਹੂਕਾਰ ਦੇ ਘਰ ਰੱਖਣ ਦਾ ਫ਼ੈਸਲਾ ਕੀਤਾ। ਸ਼ਾਹੂਕਾਰ ਨੇ ਉਹ ਰੁਪਏ ਵਾਲਾ ਟਰੰਕ ਆਪਣੇ ਘਰ ਰੱਖ ਲਿਆ। ਮਹੀਨੇ ਬਾਅਦ ਵਾਪਸ ਆ ਕੇ ਜਦੋਂ ਉਸ ਨੇ ਸ਼ਾਹੂਕਾਰ ਤੋਂ ਟਰੰਕ ਮੰਗਿਆ ਤਾਂ ਉਸ ਨੇ ਕਿਹਾ ਕਿ ਉਸ ਦਾ ਟਰੰਕ ਚੂਹੇ ਖਾ ਗਏ ਹਨ। ਇਹ ਸੁਣ ਕੇ ਬਾਣੀਆ ਹੈਰਾਨ ਤੇ ਦੁਖੀ ਹੋਇਆ। ਫਿਰ ਇੱਕ ਦਿਨ ਬਾਣੀਏ ਨੇ ਸ਼ਾਹੂਕਾਰ ਦਾ ਮੁੰਡਾ ਝਾੜੀਆਂ ਪਿੱਛੇ ਲੁਕਾ ਦਿੱਤਾ ਤੇ ਉਸ ਨੂੰ ਕਿਹਾ ਕਿ ਤੇਰੇ ਮੁੰਡੇ ਨੂੰ ਇੱਲ ਚੁੱਕ ਕੇ ਲੈ ਗਈ। ਸ਼ਾਹੂਕਾਰ ਨੇ ਬਾਣੀਏ ਨੂੰ ਕਿਹਾ ਕਿ ਮੁੰਡੇ ਨੂੰ ਇੱਲ ਕਿਵੇਂ ਚੁੱਕ ਸਕਦੀ ਹੈ। ਬਾਣੀਏ ਨੇ ਕਿਹਾ ਜਿਵੇਂ ਚੂਹੇ ਟਰੰਕ ਖਾ ਸਕਦੇ ਹਨ। ਸ਼ਾਹੂਕਾਰ ਨੇ ਬਾਣੀਏ ਤੋਂ ਮੁਆਫ਼ੀ ਮੰਗੀ ਤੇ ਉਸ ਨੂੰ ਰੁਪਇਆ ਦਾ ਟਰੰਕ ਵਾਪਸ ਕਰ ਦਿੱਤਾ। ਬਾਣੀਏ ਨੇ ਸ਼ਾਹੂਕਾਰ ਦਾ ਮੁੰਡਾ ਵਾਪਸ ਕੀਤਾ।

**ਸਿੱਖਿਆ- ਸੇਰ ਨੂੰ ਸਵਾ ਸੇਰ ਮਿਲ ਹੀ ਜਾਂਦਾ ਹੈ।**